TENDER HEART HIGH SCHOOL, SECTOR-33B, CHANDIGARH

Class- 8 Teacher- Kamandeep Kaur

Topic- ਪੜਨਾਂਵ ਪਾਠ -4 (lang.)

ਸ਼ੁੱਭ ਸਵੇਰ

ਵਿਦਿਆਰਥੀਓ ਇਸ ਹਫਤੇ ਅਸੀਂ ਅੱਠਵੀਂ ਜਮਾਤ ਦੇ ਪੰਜਾਬੀ ਵਿਸ਼ੇ ਦੇ ਵਿਆਕਰਣ ਭਾਗ ਵਿੱਚੋਂ 'ਪੜਨਾਂਵ' ਵਿਚਾਰਾਂਗੇ। ਇਹ ਪਾਠ ਤੁਹਾਡੀ ਵਿਆਕਰਣ ਦੇ ਪੰਨਾ ਨੰਬਰ 47 ਤੇ ਦਰਜ ਹੈ।

ਆਓ ਹੁਣ ਪੜਨਾਂਵ ਬਾਰੇ ਪੜੀਏ।

ਪੜਨਾਂਵ ਕੀ ਹੁੰਦਾ ਹੈ? ਸਾਨੂੰ ਇਸਦੀ ਪਰਿਭਾਸ਼ਾ ਪਤਾ ਹੋਣੀ ਚਾਹੀਦੀ ਹੈ।

ਜਿਹੜੇ ਸ਼ਬਦ ਨਾਂਵ ਦੀ ਥਾਂ ਤੇ ਵਰਤੇ ਜਾਂਦੇ ਹਨ, ਉਹਨਾਂ ਨੂੰ ਪੜਨਾਂਵ ਕਿਹਾ ਜਾਂਦਾ ਹੈ। ਜਿਵੇਂ ਮੈਂ, ਅਸੀਂ, ਤੁਸੀਂ, ਉਹ, ਇਹ, ਇਹਨਾਂ, ਸੋ, ਜੋ, ਕੌਣ ਆਦਿ।

ਜਿਵੇਂ - ਮੈਂ ਸਕੂਲ ਜਾ ਰਿਹਾ ਹਾਂ।

ਤੁਸੀਂ ਇੱਥੇ ਕੀ ਕਰ ਰਹੇ ਹੋ।

ਆਪਸ ਵਿੱਚ ਮਿਲ ਕੇ ਰਹੋ। ਆਦਿ

ਇਹਨਾਂ ਵਾਕਾਂ ਵਿੱਚ ਮੈਂ, ਅਸੀਂ, ਆਪਸ ਆਦਿ ਪੜਨਾਂਵ ਹਨ। ਇਹ ਸ਼ਬਦ ਨਾਂਵ ਦੀ ਥਾਂ ਤੇ ਵਰਤੇ ਗਏ ਹਨ।

Class-8 Teacher- Ramandeep Kaur

Topic- ਪੜਨਾਂਵ ਪਾਠ-4 (Lang.)

## ਪੜਨਾਂਵ ਦੀਆਂ ਕਿਸਮਾਂ

(1) ਪੁਰਖ ਵਾਚਕ (2) ਨਿੱਜ ਵਾਚਕ

(3) ਸੰਬੰਧ ਵਾਚਕ (4) ਪ੍ਰਸ਼ਨ ਵਾਚਕ

(5) ਨਿਸ਼ਚੇ ਵਾਚਕ (6) ਅਨਿਸ਼ਚੇ ਵਾਚਕ

ਆਓ ਹੁਣ ਇਹਨਾਂ ਬਾਰੇ ਵਿਸਥਾਰ ਸਹਿਤ ਪੜ੍ਹੀਏ।

1. ਪੁਰਖ ਵਾਚਕ ਪੜਨਾਂਵ - ਜਿਹੜੇ ਸ਼ਬਦ ਪੁਰਖਾਂ ਜਾਂ ਇਸਤਰੀਆਂ ਦੇ ਨਾਂ ਦੀ ਥਾਂ ਵਰਤੇ ਜਾਂਦੇ ਹਨ। ਇਹ ਤਿੰਨ ਪ੍ਰਕਾਰ ਦੇ ਹੁੰਦੇ ਹਨ।

(1) ਉੱਤਮ ਪੁਰਖ - ਮੈਂ, ਮੇਰਾ, ਅਸੀਂ, ਸਾਡਾ

(2) ਮੱਧਮ ਪੁਰਖ - ਤੁਸੀਂ, ਤੇਰਾ, ਤੁਹਾਡਾ

(3) ਅਨਯ ਪੁਰਖ - ਉਹ, ਇਹਨਾਂ, ਉਹਨਾਂ ਆਦਿ

2. ਨਿੱਜ ਵਾਚਕ ਪੜਨਾਂਵ - ਜਿਹੜੇ ਸ਼ਬਦ ਕਰਤਾ ਦੀ ਥਾਂ ਤੇ ਵਰਤੇ ਜਾਣ ਜਿਵੇਂ- ਆਪ, ਆਪਸ, ਆਪੋ ਆਦਿ।

ਮੈਂ ਆਪ ਤੁਹਾਡਾ ਕੰਮ ਕਰਾਂਗਾ।

ਆਪਸ ਵਿੱਚ ਵੰਡ ਕੇ ਖਾਓ।

Class-8 Teacher- Ramandeep Kaur

Topic - ਪੜਨਾਂਵ ਪਾਠ - 4 (Lang.)

(3) ਸੰਬੰਧ ਵਾਚਕ – ਜਿਹੜੇ ਸ਼ਬਦ ਵਾਕ ਵਿੱਚ ਉਪਵਾਕਾਂ ਵਾਂਗ ਜੋੜਨ ਦਾ ਕੰਮ ਕਰਨ ਜਿਵੇਂ –

ਜੋ ਬੀਜੋਗੇ ਉਹੀ ਵੱਢੋਗੇ ।

ਜਿਹੜਾ ਚੋਰ ਸੀ ਉਹ ਫੜਿਆ ਗਿਆ ।

★ ਹੁਣ ਤੁਸੀਂ ਇਸ ਆਡੀਓ ਨੂੰ ਤਿੰਨ ਮਿੰਟ ਲਈ ਰੋਕ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖਦੇ ਹੋਏ ਪੜਨਾਂਵ ਦੀ ਕਿਸਮ ਲਿਖੋ ।

1. ਜੋ ਕਰੇਗਾ ਸੋ ਭਰੇਗਾ । (ਜੋ, ਸੋ)

2. ਮੈਂ ਆਪ ਉਸਦੇ ਘਰ ਗਿਆ । (ਆਪ)

3. ਸਾਡਾ ਕੋਈ ਕਸੂਰ ਨਹੀਂ ਸੀ । (ਸਾਡਾ)

4. ਤੁਹਾਡਾ ਘਰ ਕਿੱਥੇ ਹੈ ? (ਤੁਹਾਡਾ)

ਆਓ ਹੁਣ ਉੱਤਰ ਵਿਚਾਰਦੇ ਹਾਂ ।

(1) ਸੰਬੰਧ ਵਾਚਕ (2) ਨਿੱਜ ਵਾਚਕ (3) ਉੱਤਮ ਪੁਰਖ

(4) ਮੱਧਮ ਪੁਰਖ ।

ਆਓ ਹੁਣ ਅੱਗੇ ਪੜ੍ਹਦੇ ਹਾਂ ।

(4) ਪ੍ਰਸ਼ਨ ਵਾਚਕ – ਜਿਹੜੇ ਸ਼ਬਦ ਪੜਨਾਂਵ ਵੀ ਹੋਣ ਅਤੇ ਪ੍ਰਸ਼ਨ ਪੁੱਛਣ ਦਾ ਕੰਮ ਵੀ ਕਰਨ ਜਿਵੇਂ – ਪਗੜੀ ਕਿਸਨੇ ਤੋੜੀ ਹੈ ?

ਅੱਜ ਕੌਣ ਨਹੀਂ ਆਇਆ ?

Class - 8 Teacher - Ramandeep Kaur

Topic - ਪੜਨਾਂਵ ਪਾਠ - 4 (Lang.)

(5) ਨਿਸ਼ਚੇ ਵਾਚਕ ਪੜਨਾਂਵ - ਜਿਹੜੇ ਸ਼ਬਦ ਦੂਰ ਜਾਂ ਨੇੜੇ ਕਿਸ ਵੀ ਚੀਜ਼ ਵੱਲ ਇਸ਼ਾਰਾ ਕਰਨ

ਜਿਵੇਂ - ਔਹ ਕਿਹਨਾਂ ਦਾ ਘਰ ਹੈ?

ਆਹ ਕਿਸ ਦੀ ਕਮੀਜ਼ ਹੈ।

ਇਹ ਮੇਰੀ ਕਿਤਾਬ ਹੈ।

(6) ਅਨਿਸ਼ਚੇ ਵਾਚਕ - ਜਿਹੜੇ ਸ਼ਬਦਾਂ ਤੋਂ ਸਿਰਫ਼ ਅੰਦਾਜ਼ਾ ਹੀ ਲਗਾਇਆ ਜਾ ਸਕਦਾ ਹੋਵੇ।

ਜਿਵੇਂ - ਕੁੱਝ ਬੱਚੇ ਰੌਲਾ ਪਾ ਰਹੇ ਸੀ।

ਉਹਨਾਂ ਦੇ ਘਰ ਬਹੁਤ ਸਾਰੇ ਲੋਕ ਆਏ।

ਮੇਰੇ ਕੋਲ ਥੋੜ੍ਹੇ ਜਿਹੇ ਪੈਸੇ ਹਨ।

ਸੋ ਅਸੀਂ ਪੜਨਾਂਵ ਦੀਆਂ ਕਿਸਮਾਂ ਵਿਚਾਰੀਆਂ। ਤੁਸੀਂ ਇਹਨਾਂ ਦਾ ਅਭਿਆਸ ਕਰਨਾ ਹੈ।